ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਬਲਾਕ ਈ,ਪੰਜਵੀ ਮੰਜਿਲ,ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਫੇਜ਼ 8, ਐਸ.ਐਸ.ਏ ਨਗਰ (ਮੁਹਾਲੀ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)(ਐ.ਸਿੱ)ਪੰਜਾਬ,
(ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2016/0684
ਮਿਤੀ : 19/7/2016

ਵਿਸ਼ਾ:- ਸਰਕਾਰੀ ਇਸ਼ਤਿਹਾਰਾਂ ਨੂੰ ਪ੍ਰਾਪਤ ਅਤੇ ਜਾਰੀ ਕਰਨ ਲਈ ਆਨਲਾਈਨ ਸਾਫਟਵੇਰ (**Online advertisement Monitoring application**) ਲਾਗੂ ਕਰਨ ਸੰਬਧੀ।

1.0 ਉਕਤ ਵਿਸ਼ੇ ਸੰਬੰਧੀ ਪੱਤਰ ਲੋਕ ਸੰਪਰਕ ਵਿਭਾਗ,ਪੰਜਾਬ ਚੰਡੀਗੜ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਪੰਜਾਬ ਸਰਕਾਰ ਨੇ ਇਸ਼ਤਿਹਾਰਾਂ ਨੂੰ ਪ੍ਰਾਪਤ ਕਰਨ ਅਤੇ ਜਾਰੀ ਕਰਨ ਦੇ ਕੰਮ ਦੀ ਕੰਪਿਊਟਰੀਜਰਨ ਕਰਨ ਦਾ ਫੈਸਲਾ ਲਿਆ ਗਿਆ ਹੈ, ਉਹਨਾਂ ਵੱਲੋਂ ਆਨਲਾਈਨ ਸਾਫਟਵੇਅਰ ਤਿਆਰ ਕੀਤਾ ਗਿਆ ਹੈ, ਜਿਸ ਤਹਿਤ ਸਾਰੇ ਸਰਕਾਰੀ/ਅਰਧ ਸਰਕਾਰੀ /ਬੋਰਡ ਕਾਰਪੋਰੇਸ਼ਨ/ਯੂਨੀਵਰਸਿਟੀ ਆਦਿ ਸਾਰੇ ਇਸ਼ਤਿਹਾਰ ਆਨਲਾਈਨ ਭੇਜੇ ਜਾਣਗੇ। ਇਸ ਮੰਤਵ ਲਈ ਆਪ ਜੀ ਵੱਲੋਂ ਨੋਡਲ ਅਫ਼ਸਰ ਤਾਇਨਾਤ ਕਰ ਲਏ ਜਾਣ ਅਤੇ ਤਾਇਨਾਤ ਕੀਤੇ ਗਏ ਅਧਿਕਾਰੀਆਂ ਦੇ ਮੋਬਾਇਲ ਨੰਬਰ ਅਤੇ ਈ-ਮੇਲ ਆਈ ਡੀ ਸੰਬੰਧੀ ਵੇਰਵੇ ਸੂਚਨਾ ਅਤੇ ਲੋਕ ਸਪੰਰਕ ਵਿਭਾਗ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਜਾਵੇ ਅਤੇ ਦਫ਼ਤਰ ਡੀ.ਜੀ.ਐਸ.ਈ., ਪੰਜਾਬ ਨੂੰ ਉਸ ਪੱਤਰ ਦੀ ਕਾਪੀ ਦਾ ਉਤਾਰਾ ਭੇਜਿਆ ਜਾਵੇ।

2.0 ਉਕਤ ਸੰਬੰਧੀ ਲੋਕ ਸੰਪਰਕ ਵਿਭਾਗ,ਪੰਜਾਬ ਚੰਡੀਗੜ ਵੱਲੋਂ ਪ੍ਰਾਪਤ ਪੱਤਰ (ਨਾਲ ਨੱਥੀ) ਵਿੱਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਸਕੱਤਰ,
ਸੂਚਨਾ ਤੇ ਲੋਕ ਸੰਪਰਕ ਵਿਭਾਗ,
ਪੰਜਾਬ, ਚੰਡੀਗੜ੍ਹ।

ਵੱਲ

ਪ੍ਰਮੁੱਖ ਸਕੱਤਰ
ਸਕੂਲ ਸਿੱਖਿਆ ਤੇ ਪ੍ਰਸ਼ਾਸਨਿਕ ਸੁਧਾਰ

ਨੰ ਪੀ ਆਰ (ਇਸਤਿਹਾਰ)-2016/ 19122
ਮਿਤੀ ਚੰਡੀਗੜ੍ਹ 23-6-16

ਵਿਸ਼ਾ: ਸਰਕਾਰੀ ਇਸ਼ਤਿਹਾਰਾਂ ਨੂੰ ਪ੍ਰਾਪਤ ਅਤੇ ਜਾਰੀ ਕਰਨ ਲਈ ਆਨਲਾਈਨ ਸਾਫਟਵੇਰ (Online Advertisement Monitoring Application) ਲਾਗੂ ਕਰਨ ਸਬੰਧੀ।

ਮੇਰੇ ਪਿਆਰੇ,

1. ਪੰਜਾਬ ਸਰਕਾਰ ਨੇ ਇਸ਼ਤਿਹਾਰਾਂ ਨੂੰ ਪ੍ਰਾਪਤ ਕਰਨ ਅਤੇ ਜਾਰੀ ਕਰਨ ਦੇ ਕੰਮ ਵਿਚ ਪਾਰਦਰਸ਼ਤਾ ਲਿਆਉਣ ਅਤੇ ਅਧੁਨਿਕ ਤਕਨੀਕ ਦੀ ਵਰਤੋ ਰਾਹੀਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਸਮੁੱਚੇ ਕੰਮ ਕਾਜ ਦਾ ਕੰਪਿਊਟਰੀਕਰਨ ਕਰਨ ਦਾ ਫੈਸਲਾ ਲਿਆ ਹੈ। ਇਸ ਦੇ ਨਾਲ ਜਿੱਥੇ ਮਨੁੱਖੀ ਵਸੀਲਿਆਂ ਦੀ ਸਹੀ ਵਰਤੋਂ ਹੋਵੇਗੀ, ਉੱਥੇ ਨਾਲ ਹੀ ਇਸ਼ਤਿਹਾਰਾਂ ਨੂੰ ਪ੍ਰਾਪਤ ਕਰਨ ਅਤੇ ਜਾਰੀ ਕਰਨ ਵਿਚ ਸਮੇਂ ਅਤੇ ਕਾਗਜ਼ ਦੀ ਬੱਚਤ ਵੀ ਹੋਵੇਗੀ ਅਤੇ ਮਨੁੱਖੀ ਗਲਤੀ ਦੀ ਗੁਜਾਇਸ਼ ਵੀ ਨਹੀਂ ਰਹੇਗੀ। ਇਸ ਤੋਂ ਇਲਾਵਾ ਸਾਰਾ ਰਿਕਾਰਡ ਵੀ ਡਿਜਟਲ ਸੁਰੱਖਿਅਤ ਰੱਖਿਆ ਜਾ ਸਕੇਗਾ।

2. ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਇਸ਼ਤਿਹਾਰਾਂ ਨੂੰ ਮੁੱਖ ਦਫਤਰ ਵਿਚ ਪ੍ਰਾਪਤ ਕਰਨ ਅਤੇ ਅਖਬਾਰਾਂ ਨੂੰ ਜਾਰੀ ਕਰਨ ਲਈ ਆਨਲਾਈਨ ਸਾਫਟਵੇਅਰ ਤਿਆਰ ਕੀਤਾ ਹੈ। ਜਿਸ ਦੇ ਤਹਿਤ ਸਾਰੇ ਸਰਕਾਰੀ/ਅਰਧ ਸਰਕਾਰੀ/ਬੋਰਡ ਕਾਰਪੋਰੇਸ਼ਨ/ਯੂਨੀਵਰਸਿਟੀਆਂ ਆਦਿ ਅਦਾਰੇ ਸਾਰੇ ਇਸ਼ਤਿਹਾਰ ਆਨਲਾਈਨ ਭੇਜਣਗੇ। ਸਾਰੇ ਜ਼ਿਲ੍ਹਾ ਪੱਧਰ ਦੇ ਵਿਭਾਗ ਇਸ਼ਤਿਹਾਰ ਸ਼ੁਰੂ ਵਿਚ ਜ਼ਿਲ੍ਹਾ ਸੂਚਨਾ ਤੇ ਲੋਕ ਸੰਪਰਕ ਦਫਤਰ ਦੀ ਸਹਾਇਤਾ ਨਾਲ ਆਨਲਾਈਨ ਭੇਜਣਗੇ ਬਾਅਦ ਵਿਚ ਸਾਰੇ ਮਹਿਕਮਿਆਂ ਦੇ ਨੋਡਲ ਅਫਸਰਾਂ ਦੇ ਆਈ.ਡੀ ਬਣਾ ਦਿੱਤੇ ਜਾਣਗੇ ਜੋ ਇਸ਼ਤਿਹਾਰ ਆਨਲਾਈਨ ਭੇਜਣਗੇ।

3. ਵਿਭਾਗਾਂ/ਦਫਤਰਾਂ ਦੀ ਸਹੂਲਤ ਲਈ ਪਹਿਲਾਂ ਇਕ ਮਹੀਨੇ (ਜੁਲਾਈ, 2016) ਵਿੱਚ ਜ਼ਿਲ੍ਹਾ ਪੱਧਰ ਦੇ ਦਫਤਰ ਆਪਣੇ ਇਸ਼ਤਿਹਾਰ ਜ਼ਿਲ੍ਹਾ ਸੂਚਨਾ ਅਤੇ ਲੋਕ ਸੰਪਰਕ ਦਫਤਰ ਦੀ ਸਹਾਇਤਾ ਨਾਲ ਆਨ ਲਾਈਨ ਭੇਜਣਗੇ ਅਤੇ ਹੈਡ ਕੁਆਰਟਰ ਦੇ ਵਿਭਾਗ/ਅਦਾਰੇ ਸਾਰੇ ਇਸ਼ਤਿਹਾਰ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਦਫਤਰ ਦੀ ਸਹਾਇਤਾ ਨਾਲ ਆਨ ਲਾਈਨ ਸਿਸਟਮ ਰਾਹੀਂ ਭੇਜਣਗੇ (ਸ਼ੁਰੂਆਤ ਦੇ ਸਮੇਂ ਲਈ ਸਮੂਹ ਡੀ.ਪੀ.ਆਰ.ਓ. ਅਤੇ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਦੇ login ID ਬਣਾਏ ਗਏ ਹਨ)।

4. ਇਸ ਉਪਰੰਤ ਸਾਰੇ ਮਹਿਕਮਿਆਂ/ਦਫਤਰਾਂ ਦੇ ਨੋਡਲ ਅਫਸਰਾਂ ਦੇ login ID ਬਣਾ ਦਿੱਤੇ ਜਾਣਗੇ ਅਤੇ ਉਨ੍ਹਾਂ ਦੀ ਟ੍ਰੇਨਿੰਗ ਕਰਵਾਈ ਜਾਵੇਗੀ ਤਾਂ ਜੋ ਸਬੰਧਤ ਦਫਤਰ/ਮਹਿਕਮਾ ਆਪਣੇ ਪੱਧਰ ਤੇ ਇਸ਼ਤਿਹਾਰ ਆਨ ਲਾਈਨ ਭੇਜ ਸਕਣ।

5. ਇਸ online application ਦੀ ਸਿਖਲਾਈ ਸਾਰੇ ਡੀ.ਪੀ.ਆਰ.ਓਜ਼. ਲਈ ਮਿਤੀ 28/6/16 ਨੂੰ 11 ਵਜੇ ਵਿਖੇ ਰੱਖੀ ਗਈ ਹੈ।

6. ਇਸ ਉਪਰੰਤ ਜੁਲਾਈ, 2016 ਦੇ ਤੀਜੇ ਹਫਤੇ ਸਮੂਹ ਵਿਭਾਗਾਂ/ਅਦਾਰਿਆਂ/ਦਫਤਰਾਂ ਦੇ ਨੋਡਲ ਅਫਸਰਾਂ ਦੀ ਟ੍ਰੇਨਿੰਗ ਕੀਤੀ ਜਾਵੇਗੀ। ਇਸ ਲਈ ਸਾਰੇ ਵਿਭਾਗਾਂ/ਦਫਤਰਾਂ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਵਿਭਾਗ/ਦਫਤਰ/ਅਦਾਰੇ ਦੇ ਨੋਡਲ ਅਫਸਰ ਦਾ ਨਾਮ, ਅਹੁਦਾ, contact number, Email ID ਮਿਤੀ 10 ਜੁਲਾਈ, 2016 ਤੱਕ ਦਫਤਰ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਦਫ਼ਤਰ ਵਿਖੇ ਭੇਜਣੀ ਯਕੀਨੀ ਬਣਾਈ ਜਾਵੇ।

7. ਸਮੂਹ ਜ਼ਿਲ੍ਹਿਆਂ ਦੇ ਵਿੱਚ ਸਥਿਤ ਦਫਤਰ ਜ਼ਿਲ੍ਹਾ ਪੱਧਰ ਦੇ ਦਫਤਰ ਦੀ ID ਲਈ ਆਪਣੇ ਨੋਡਲ ਅਫਸਰ ਦਾ ਨਾਮ, ਅਹੁਦਾ, contact number, Email ID ਸਬੰਧਤ ਡੀ.ਪੀ.ਆਰ.ਓ. ਨੂੰ ਮਿਤੀ 10 ਜੁਲਾਈ, 2016 ਤੱਕ ਹਰ ਹਾਲਤ ਵਿੱਚ ਭੇਜਣ ਦੀ ਕਿਰਪਾਲਤਾ ਕਰਨ।

O/o DGSE CUM SPD
Sarva Shiksha Abhiyan Authority
Central Diary
No 39377 Date 30/6/16

8. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ **Online Advertisement Monitoring Application** ਦੇ ਲਾਗੂ ਹੋਣ ਦੀ ਮਿਤੀ ਤੋਂ ਬਾਅਦ ਅਖਬਾਰਾਂ ਦੇ ਬਿਲਾਂ ਦੀ ਵੈਰੀਫਿਕੇਸ਼ਨ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਲੋਂ ਨਹੀਂ ਕੀਤੀ ਜਾਵੇਗੀ। ਸੂਚਨਾ ਅਤੇ ਲੋਕ ਸੰਪਰਕ ਵਿਭਾਗ ਤੋਂ ਇਸ਼ਤਿਹਾਰ ਜਾਰੀ ਕਰਨ ਸਮੇਂ ਪ੍ਰਾਪਤ ਸਿਸਟਮ ਜਨਰੇਟਿਡ confirmatory Email ਨਾਲ ਸਬੰਧਤ ਵਿਭਾਗ ਆਪਣੇ ਪੱਧਰ ਤੇ ਖੁੱਦ ਮਿਲਾਨ ਕਰਕੇ ਅਦਾਇਗੀ ਕਰਨਾ ਯਕੀਨੀ ਬਨਾਉਣਗੇ।

9. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇ ਕੋਈ ਵਿਭਾਗ/ਅਦਾਰਾ ਇਸ **Application System** ਨੂੰ ਬਿਨਾਂ ਵਰਤੇ ਇਸ਼ਤਿਹਾਰ ਸਿੱਧੇ ਹੀ ਛੱਪਣ ਲਈ ਭੇਜਣਗੇ ਤਾਂ ਉਸ ਨੂੰ ਸਰਕਾਰੀ ਹਦਾਇਤਾਂ ਦੀ ਉਲੰਘਣਾ ਸਮਝਿਆ ਜਾਵੇਗਾ ਅਤੇ ਅਜਿਹੇ ਇਸ਼ਤਿਹਾਰ ਦੇ ਬਿਲਾਂ ਨੂੰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਲੋਂ ਅਵੈਧ ਮੰਨਿਆ ਜਾਵੇਗਾ ਅਤੇ ਇਸ ਸਬੰਧੀ ਕੋਈ ਵੈਰੀਫਿਕੇਸ਼ਨ ਨਹੀਂ ਕੀਤੀ ਜਾਵੇਗੀ।

ਸਕੱਤਰ

ਨੰ ਪੀ.ਆਰ.(ਇਸਤਿਹਾਰ)-2016/ 12123-25 ਮਿਤੀ, ਚੰਡੀਗੜ੍ਹ: 23-6-16

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਡਿਪਟੀ ਕਮਿਸ਼ਨਰਾਂ ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ ਉਹ ਜ਼ਿਲ੍ਹਾ ਪੱਧਰ ਦੇ ਅਫਸਰਾਂ ਨਾਲ ਇਕ ਮੀਟਿੰਗ ਕਰਕੇ, ਜ਼ਿਲ੍ਹਾ ਸੂਚਨਾ ਅਤੇ ਲੋਕ ਸੰਪਰਕ ਅਫਸਰ ਨੂੰ ਸੂਚਨਾ ਦੇਣ ਵਿੱਚ ਫੈਸੀਲੀਟੇਟ ਕਰਨ।
3. ਸਮੂਹ ਜ਼ਿਲ੍ਹਾ ਸੂਚਨਾ ਅਤੇ ਲੋਕ ਸੰਪਰਕ ਅਫਸਰਾਂ ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ ਉਹ ਜ਼ਿਲ੍ਹਾ ਪੱਧਰ ਦੇ ਦਫਤਰਾਂ ਨਾਲ ਤਾਲਮੇਲ ਕਰਨ ਅਤੇ ਡਿਪਟੀ ਕਮਿਸ਼ਨਰ ਦਫਤਰ ਨੂੰ ਫੈਸੀਲਿਟੇਸ਼ਨ ਲਈ ਸੰਪਰਕ ਕਰਨ।

ਸਕੱਤਰ

ਇਸ ਸਾਫਟਵੇਅਰ ਰਾਹੀਂ ਇਸ਼ਤਿਹਾਰ ਭੇਜਣ ਸਮੇਂ ਕੁਝ ਹੇਠ ਲਿਖੇ ਨੁਕਤੇ ਧਿਆਨ ਵਿਚ ਰੱਖਣੇ ਜਰੂਰੀ ਹਨ:-

1. ਇਸ਼ਤਿਹਾਰ ਪ੍ਰਕਾਸ਼ਿਤ ਕਰਵਾਉਣ ਲਈ ਅਖਬਾਰਾਂ ਦੀ ਗਿਣਤੀ ਤਿੰਨ ਗੁਣਾ ਲਿਖ ਕੇ ਭੇਜੀ ਜਾਵੇ।
2. ਇਸ਼ਤਿਹਾਰ ਪੀ.ਡੀ.ਐਫ ਜਾਂ ਜੇ.ਪੀ.ਜੀ ਫਾਰਮੈਟ ਵਿਚ ਹੋਣ।
3. ਜ਼ਿਲ੍ਹਾ ਲੋਕ ਸੰਪਰਕ ਦਫਤਰ ਦੇ ਅਧਿਕਾਰੀ ਇਸ਼ਤਿਹਾਰ ਨੂੰ ਆਨਲਾਈਨ ਭੇਜਣ ਲਈ ਸਹਿਯੋਗ ਕਰਨਗੇ।
4. ਇਸ਼ਤਿਹਾਰ ਭੇਜਣ ਵਾਲੇ ਦਾ ਵਿਭਾਗ, ਨਾਮ, ਅਹੁਦਾ, ਮੋਬਾਈਲ ਨੰਬਰ, ਈ-ਮੇਲ ਪਤਾ, ਦਫਤਰ ਦਾ ਪਤਾ ਬੇਨਤੀ ਪੱਤਰ ਵਿਚ ਦਰਜ ਕੀਤਾ ਜਾਣਾ ਲਾਜ਼ਮੀ ਹੈ।
5. ਇਸ਼ਤਿਹਾਰ ਦਾ ਸਾਈਜ਼ ਸਬੰਧਤ ਵਿਭਾਗ ਵਲੋਂ ਭਰਨਾ ਲਾਜ਼ਮੀ ਹੈ।
6. ਸਬੰਧਤ ਵਿਭਾਗ ਵਲੋਂ ਰੰਗਦਾਰ ਜਾਂ ਬਲੈਕ ਐਂਡ ਵਾਈਟ ਲਿਖਣਾ ਲਾਜ਼ਮੀ ਹੈ।
7. ਇਸ਼ਤਿਹਾਰ ਕਲਾਸੀਫਾਈਡ ਜਾਂ ਡਿਸਪਲੇ ਦਰਜ ਕਰਨ ਲਾਜ਼ਮੀ ਹੈ
8. ਇਸ਼ਤਿਹਾਰ ਕਿਸ ਅਖਬਾਰ ਨੂੰ ਜਾਰੀ ਕੀਤਾ ਗਿਆ ਸਬੰਧਤ ਵਿਭਾਗ ਦੇ ਬੇਨਤੀ ਪੱਤਰ ਦਰਜ ਕੀਤੀ ਗਈ ਈਮੇਲ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਲੋਂ ਚਲਾ ਜਾਵੇਗਾ।
9. ਅਖਬਾਰਾਂ ਤੋਂ ਅਦਾਇਗੀ ਲਈ ਪ੍ਰਾਪਤ ਹੋਏ ਬਿਲਾਂ ਦੀ ਵੈਰੀਕਿਸ਼ਨ ਸੁਚਨਾ ਤੇ ਲੋਕ ਸੰਪਰਕ ਵਿਭਾਗ ਵਲੋਂ ਨਹੀਂ ਕੀਤੀ ਜਾਵੇਗੀ। ਵੈਰੀਫਿਕੇਸ਼ਨ ਖੁਦ ਸਬੰਧਤ ਵਿਭਾਗ ਸੂਚਨਾ ਤੇ ਲੋਕ ਸੰਪਰਕ ਵਿਭਾਗ ਤੋਂ ਇਸ਼ਤਿਹਾਰ ਜਾਰੀ ਕਰਨ ਸਮੇਂ ਪ੍ਰਾਪਤ ਹੋਈ ਈਮੇਲ ਨਾਲ ਮਿਲਾਨ ਕਰਕੇ ਖੁਦ ਕਰਨਗੇ।